# SCOTLAND ਦਾ BABY BOX
# ਖੁਸ਼ੀ ਦਾ ਇੱਕ ਹੋਰ ਬੰਡਲ ਅੱਗੇ ਦੇਖਣ ਲਈ




Parent Club
parentclub.scot

Scottish Government
Riaghaltas na h-Alba

# ਤੁਹਾਡੇ ਬੱਚੇ ਲਈ ਇੱਕ ਤੋਹਫ਼ਾ



## ਸਾਨੂੰ ਉਮੀਦ ਹੈ ਕਿ ਤੁਹਾਨੂੰ ਸਕਾਟਿਸ਼ ਸਰਕਾਰ ਵੱਲੋਂ ਤੁਹਾਡਾ ਸਵਾਗਤੀ ਤੋਹਫ਼ਾ ਪਸੰਦ ਆਵੇਗਾ।

ਪਹਿਲੇ ਕੁਝ ਮਹੱਤਵਪੂਰਨ ਮਹੀਨਿਆਂ ਵਿੱਚ ਤੁਹਾਡੇ ਬੱਚੇ ਦੀ ਤੰਦਰੁਸਤੀ ਵਿੱਚ ਮਦਦ ਕਰਨ ਲਈ, ਅਸੀਂ ਤੁਹਾਡੇ ਬੱਚੇ ਨੂੰ ਜ਼ਿੰਦਗੀ ਦੀ ਸਭ ਤੋਂ ਵਧੀਆ ਸ਼ੁਰੂਆਤ ਦੇਣ ਵਿੱਚ ਮਦਦ ਕਰਨ ਵਾਸਤੇ ਕੱਪੜੇ, ਬਿਸਤਰੇ ਅਤੇ ਹੋਰ ਬਹੁਤ ਸਾਰੀਆਂ ਉਪਯੋਗੀ ਚੀਜ਼ਾਂ ਪ੍ਰਦਾਨ ਕੀਤੀਆਂ ਹਨ।

ਇਹ ਉਨ੍ਹਾਂ ਚੀਜ਼ਾਂ ਨਾਲ ਵੀ ਭਰਿਆ ਹੋਇਆ ਹੈ ਜਿਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਛੋਟੇ ਬੱਚੇ ਨਾਲ ਸਕਾਰਾਤਮਕ ਅਤੇ ਪਿਆਰ ਭਰੇ ਤਰੀਕੇ ਨਾਲ ਜੁੜਨ ਲਈ ਕਰ ਸਕਦੇ ਹੋ। Baby Box ਵਿੱਚ ਆਈਟਮਾਂ ਨੂੰ ਆਪਣੇ ਬੱਚੇ ਨਾਲ ਖੇਡਣ ਅਤੇ ਸਨੇਹ-ਪਿਆਰ ਬਣਾਉਣ ਲਈ ਵਰਤਣ ਦੇ ਸੁਝਾਵਾਂ ਲਈ, **parentclub.scot/baby-box-items** ਨੂੰ ਦੇਖੋ

ਇਹ ਇੱਕ ਗੱਦਾ, ਪਰੋਟੈਕਟਰ, ਫਿੱਟ ਕੀਤੀ ਚਾਦਰ ਅਤੇ ਕੰਬਲ ਦੇ ਨਾਲ ਵੀ ਆਉਂਦਾ ਹੈ, ਤਾਂ ਜੋ ਤੁਸੀਂ ਇਸਨੂੰ ਆਪਣੇ ਨਵਜੰਮੇ ਬੱਚੇ ਦੇ ਸੌਣ ਲਈ ਇੱਕ ਸੁਰੱਖਿਅਤ ਅਤੇ ਆਰਾਮਦਾਇਕ ਜਗਹ੍ਹਾ ਵਜੋਂ ਵਰਤ ਸਕੋ (ਪੰਨੇ 4-5 ਨੂੰ ਦੇਖੋ)। ਫਿਰ ਬਾਅਦ ਵਿੱਚ, ਇਹ ਇੱਕ ਵਧੀਆ ਮੈਮੋਰੀ ਬਾਕਸ ਜਾਂ ਇੱਕ ਖਿਡੌਣਾ ਬਾਕਸ ਬਣਾਉਂਦਾ ਹੈ ਜਦੋਂ ਉਹ ਇਸ ਵਿੱਚ ਸੌਣ ਲਈ ਬਹੁਤ ਵੱਡੇ ਹੋ ਜਾਂਦੇ ਹਨ।

ਕਿਰਪਾ ਕਰਕੇ ਧਿਆਨ ਦਿਓ, Baby Box ਦੀ ਸਮੱਗਰੀ ਵੱਖ-ਵੱਖ ਹੋ ਸਕਦੀ ਹੈ।



ਕੀ ਕੋਈ ਚੀਜ਼ ਨਦਾਰਦ ਹੈ ਜਾਂ ਨੁਕਸਦਾਰ ਹੈ?
**scotlandsbabybox@theapsgroup.com**
'ਤੇ ਸੰਪਰਕ ਕਰੋ ਜਾਂ **0800 030 8003 'ਤੇ ਕਾਲ ਕਰੋ**



ਕਿਰਪਾ ਕਰਕੇ ਉਸ ਪਰਚੇ 'ਤੇ ਰਜਿਸਟਰੇਸ਼ਨ ਨੰਬਰ ਦਾ ਹਵਾਲਾ ਦਿਓ ਜੋ ਤੁਹਾਨੂੰ ਤੁਹਾਡੀ 20-24 ਹਫ਼ਤਿਆਂ ਦੀ ਦਾਈ ਮੁਲਾਕਾਤ 'ਤੇ ਦਿੱਤਾ ਗਿਆ ਸੀ